ساڻيءَ سيڊل

جيونداجيون

شاعري

159

ROYAL ASIATIC SOCIETY LIBRARY

Published by :—
Sh : Amrit Kaur,
Gumti Bazar,
Lahore.

25102



Printed at
The Commercial Printing Works,
Ganpat Road, Anarkali,
Lahore.
Phone 4964

ਜੀਊਂਦਾ-ਜੀਵਣ

ਜ਼ਿੰਦਾ ਜਿਸਮ ਦੀ ਦਿਨ ਕਟੀ ਜੀਊਂਦਾ ਜੀਵਣ ਨਹੀਂ ਸਗੋਂ ਜ਼ਿੰਦਾ ਦਿਲੀ ਦਾ ਹੀ ਦੂਸਰਾ ਨਾਮ ਜੀਊਂਦਾ ਜੀਵਣ ਹੈ, ਜੀਵਨ ਘੜੀ ਟੱਕ ਟੱਕ ਕਰਦੀ ਹੋਈ ਚਾਹੇ ਕਿੰਨੀ ਖ਼ੂਬਸੂਰਤ ਤੇ ਕਿੰਨੀ ਭੀ ਕੀਮਤੀ ਕਿਉਂ ਨਾ ਹੋਵੇ ਜੇ ਉਸਦੀਆਂ ਜ਼ਿੰਦਾ ਦਿਲ ਸੂਈਆਂ ਕੰਮ ਨਹੀਂ ਕਰ ਰਹੀਆਂ ਤਾਂ ਕਿਸ ਕੰਮ ? ਜਿਸ ਜੀਵਣ ਨੂੰ ਉਸ਼ਾ ਦੀ ਮਿੱਠੀ ਲਾਲੀ ਕੋਈ ਤਾਜ਼ਗੀ ਨਹੀਂ ਦੇਂਦੀ, ਪ੍ਰਭਾਤ ਸਮੇਂ ਚਿੜੀਆਂ ਦੀ ਚਹਿ ਚਹਾਟ ਅਨੋਖਾ ਸੰਗੀਤ ਨਹੀਂ ਜਾਪਦੀ, ਰੰਗ ਬਰੰਗੇ ਫੁਲਾਂ ਦਾ ਜੋਬਨ, ਸੋਹਲ ਪੰਖੜੀਆਂ ਦੀ ਕੋਮਲਤਾ ਤੇ ਵੰਨ ਸੁਵੰਨੀ ਮਹਿਕ ਕੋਈ ਨਸ਼ੀਲੀ ਜਹੀ ਮਸਤੀ ਨਹੀਂ ਦੇਂਦੀ, ਵਹਿਦੇ ਝਰਨੇ ਦੀ ਸ਼ਾਂ ਸ਼ਾਂ ਕੋਈ ਅਗੰਮੀ ਸਰੂਰ ਨਹੀਂ ਲੈ ਆਉਂਦੀ, ਸਵੇਰ ਵੇਲੇ ਆਹਲਣਿਆਂ ਤੋਂ ਉਡਦੀ ਉਡਾਰੀ ਤੇ ਸ਼ਾਮੀਂ ਘੌਂਸਲਿਆਂ ਨੂੰ ਪਰਤਦੀਆਂ ਡਾਰਾਂ ਦੀ ਖੇਡ ਕੋਈ ਗੁਦਗੁਦੀ ਨਹੀਂ ਪੈਦਾ ਕਰਦੀ, ਡੁਬਦੇ ਸੂਰਜ ਦੀ ਆਖਰੀ ਰੋਸ਼ਨੀ ਕੁਦਰਤ ਦੇ ਸੁਨੇਹੜੇ ਨਹੀਂ ਦੇਂਦੀ ਅਤੇ ਤਾਰਿਆਂ ਦੀ ਟਿਮਟਿਮਾਹਟ ਕਿਸੇ ਅਕਹਿ ਸਵਾਦ ਦਾ ਵਜਦ ਤਾਰੀ ਨਹੀਂ ਕਰਦੀ ਤਾਂ ਉਹ ਜੀਵਣ, ਜੀਊਂਦਾ ਜੀਵਣ ਨਹੀਂ ।

ਜੀਊਂਦੇ ਜੀਵਣ ਨੂੰ ਕੁਦਰਤ ਦਾ ਹਰ ਇਕ ਦ੍ਰਿਸ਼ਯ

ਦਿਲ ਖਿਚਵੀਂ ਪ੍ਰੇਰਨਾ ਕਰਦਾ ਏ, ਅਸਮਾਨ ਦੀ ਸਤਰੰਗੀ ਪੀਂਘ ਆਸ਼ਾਆਂ ਦੇ ਮਸਤ ਹਿਲੋਰੇ ਵਿਚ ਹਰ ਨੀਲੀ ਕਾਲੀ ਮੁਸ਼ਕਲ ਲਈ ਹਿੰਮਤ ਬਨ੍ਹਾਂਦੀ ਏ, ਉਸ ਦੇ ਅੰਦਰਲੇ ਨੂੰ। ਹਵਾ ਦੀ ਮਿਠੀ ਮਿਠੀ ਸਰਰ ਸਰਰ ਇਕ ਰਸ ਭਿੰਨੀ ਝਰਨਾਟ ਛੇੜ ਦੇਂਦੀ ਏ ਜੀਉਂਦੇ ਦਿਲ ਦੇ ਸੀਨੇ ਵਿਚ। ਨੁਕੀਲੀਆਂ ਵਾੜਾਂ ਦਾ ਵਿਚਲਾ ਸੁਹੱਪਣ ਖੇੜਾ ਚੇਟਕ ਲਾ ਦੇਂਦਾ ਏ ਕਿਸੇ ਅਜੀਬ ਖੁਸ਼ ਨੁਮਾਈ ਦੇ ਵੇਖਣ ਦੀ। ਜੀਉਂਦਾ ਜੀਵਣ ਵਿਛੋੜੇ ਦੀਆਂ ਘੜੀਆਂ ਵਿਚ ਅਸਚਰਜ ਤਾਂਘ, ਤਾਂਘ ਸਕਦਾ ਏ, ਬਿਰਹੁ ਦੇ ਅਥਰੂਆਂ ਵਿਚ ਅਕਹਿ ਰਸ ਮਾਣ ਸਕਦਾ ਏ, ਹਿਲਦੇ ਰੁਮਾਲ ਵਿਚ ਦਿਲ ਹਿਲਾ ਸਕਦਾ ਏ, ਨਿਰਾਸਾ ਦੀਆਂ ਕਾਲੀਆਂ ਬੋਲੀਆਂ ਰਾਤਾਂ ਵਿਚ ਭੀ ਗੀਤਾਂ ਦੀ ਗੂੰਜ ਗੁੰਜਾ ਸਕਦਾ ਏ।

ਜੀਉਂਦਾ-ਦਿਲ ਖੁਸ਼ੀਆਂ ਲੰਘਦਾ ਹੈ, ਗ਼ਮੀਆਂ ਪਾਰ ਕਰਦਾ ਹੈ, ਫੁਲਾਂ ਦੀ ਸੇਜਾ ਵਿਛਾਂਦਾ ਹੈ, ਕੰਡਿਆਂ ਦੀ ਵਾੜ ਉਤੇ ਲੇਟਦਾ ਹੈ, ਤਖਤ ਉਤੇ ਸੁਭਾਇਮਾਨ ਹੁੰਦਾ ਹੈ, ਗਲੀਆਂ ਦੇ ਕੱਖ ਚੁਣਦਾ ਹੈ, ਪਰ ਅਟਕਦਾ ਨਹੀਂ, ਰੁਕਦਾ ਨਹੀਂ, ਉਸ ਦਾ ਸਾਹ ਟੁਟਦਾ ਨਹੀਂ, ਕਿਉਂਕਿ "ਵਗੀ ਜਾਣਾ" ਉਸਦੀ ਚਾਲ ਹੈ।

ਰਾਹ ਵਿਚ ਖੁਸ਼ਬੂਆਂ ਔਂਦੀਆਂ ਹਨ, ਬਦਬੂਆਂ ਸਾਹ ਘੁਟਦੀਆਂ ਹਨ, ਖੇੜਾ ਆਪਣਾ ਖਿੜਾਓ ਦਿਖਾਂਦਾ ਹੈ, ਪਤਝੜ ਆਪਣੇ ਸੁੰਞੇਂ ਦ੍ਰਿਸ਼ਜ ਵਿਖਾਂਦੀ ਹੈ, ਪਰ ਇਹ ਪੌਣ ਵਰਗਾ ਸੈਤੰਤਰ ਦਿਲ, ਨਾ ਖੁਸ਼ਬੂਆਂ ਵਾਲੀ ਥਾਵੇਂ ਜ਼ਰਾ ਦਮ

ਲੈਂਦਾ ਹੈ ਨਾਂ ਹੀ ਮਾੜਿਆਂ ਤੋਂ ਨੱਕ ਵੱਟ ਕੇ ਤੇ ਜੀਅ ਚੁਰਾ ਕੇ ਆਪਣੀ ਚਾਲ ਛੱਡ ਦੇਂਦਾ ਹੈ।

ਖੁਲ੍ਹੇ ਮੈਦਾਨ ਆਉਂਦੇ ਹਨ, ਪਰਬਤ ਰੋਕਾਂ ਟਕਰਾਂਦੀਆਂ ਹਨ, ਸਾਵੇ ਲਾਲ ਪਤਿਆਂ ਦੀ ਸੁੰਦਰਤਾ ਨਾਲ ਗਲਵੱਕੜੀ ਪੈਂਦੀ ਹੈ, ਸੁੱਕੇ ਖਿੰਗਰ ਖੜ ਖੜਾਂਦੇ ਹਨ, ਪਰ ਨਾ ਏਹਦਾ ਸੀਨਾ ਕਿਸੇ ਵੱਡੀ ਖੁਸ਼ੀ ਵੇਲੇ ਸ੍ਹੈ-ਕਾਬੂ ਤੋਂ ਢਲਕੀਂਦਾ ਅਤੇ ਨਾਂ ਮੁਸੀਬਤ ਨਾਲ ਛੇਕੋ ਛੇਕ ਹੁੰਦਾ ਹੈ, ਆਪਣੇ ਆਦਰਸ਼ ਦੀ ਧੁਨ ਵਿਚ ਮਸਤ ਤੁਰੀ ਜਾਂਦਾ ਹੈ।

ਡਾਲੀ ਲੱਗੇ ਫੁਲ ਕਿਸੇ ਵੇਗ ਨਾਲ ਟੁਟਦੇ ਹਨ, ਨਵੀਆਂ ਕਰੂੰਬਲਾਂ ਫੁਟਦੀਆਂ ਹਨ, ਪੁਰਾਣੇ ਪੀਲੇ ਪੱਤੇ ਝੜਦੇ ਹਨ, ਨਵਿਆਂ ਹਰਿਆਂ ਪਤਿਆਂ ਦੀ ਵਾਰੀ ਔਂਦੀ ਹੈ ਪਰ ਇਹ ਹਵਾ ਵਰਗੇ ਸਦ-ਚਲਵੇਗ ਵਾਂਗ ਤੁਰੀ ਜਾਂਦਾ ਹੈ.....ਤੁਰੀ ਜਾਂਦਾ ਹੈ.....।

ਚੰਗੇ ਵੇਖਦਾ ਹੈ, ਮੰਦੇ ਤੱਕਦਾ ਹੈ, ਸੋਹਣੇ ਪਰਖਦਾ ਹੈ, ਕੋਝੇ ਤਾੜਦਾ ਹੈ, ਰੇਤ ਥਲੇ ਵਿਚ ਰੇਤ ਉਡਦੀ ਹੈ, ਬਗੀਚੇ ਵਿਚ ਮਹਿਕ ਖਿੰਡਦੀ ਹੈ, ਪਰ ਇਹ ਕਿਤੇ ਵੀ ਨਹੀਂ ਠਹਿਰਦਾ, ਕਿਉਂਕਿ ਏਹਦੇ ਦਿਲ ਵਿਚ ਨਿਸ਼ਾਨਾ ਬਹੁਤ ਉਚੇਰਾ ਹੁੰਦਾ ਏ।

ਸਾਗਰ ਦੀਆਂ ਲਹਿਰਾਂ ਲਹਿਰਾਂਦੀਆਂ ਹਨ, ਤਰੰਗਾਂ ਉਛਲਦੀਆਂ ਹਨ, ਜ੍ਵਾਰ ਭਾਟੇ ਦੀ ਹਿਕ ਉਭਰਦੀ ਹੈ ਅਤੇ ਗੰਦੇ ਛੱਪੜ ਵਿਚ ਬੁਲਬੁਲੇ ਉਡਦੇ ਹਨ, ਇਹ ਚੰਗਿਆਂ ਦਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.